ਮਿੱਠੇ ਬੱਚੇ:- ਬਾਪ ਜੋ ਹੈ , ਜਿਵੇਂ ਦਾ ਹੈ , ਤੁਸੀਂ ਬੱਚਿਆਂ ਵਿੱਚ ਵੀ ਨੰਬਰਵਾਰ ਪਹਿਚਾਣਦੇ ਹਨ , ਜੇਕਰ ਸਾਰੇ ਪਹਿਚਾਣ ਲੈਣ ਤਾਂ ਬਹੁਤ ਜਿਆਦਾ ਭੀੜ ਹੋ ਜਾਵੇ "

ਪ੍ਰਸ਼ਨ:- ਚਾਰੋਂ ਪਾਸੇ ਪਰਤੱਖਤਾ ਦਾ ਆਵਾਜ਼ ਕਦੋਂ ਫੈਲੇਗਾ?

ਉੱਤਰ:- ਜਦੋਂ ਮਨੁੱਖਾਂ ਨੂੰ ਪਤਾ ਪਵੇਗਾ ਕਿ ਖ਼ੁਦ ਭਗਵਾਨ ਇਸ ਪੁਰਾਣੀ ਦੁਨੀਆਂ ਦਾ ਵਿਨਾਸ਼ ਕਰਵਾਕੇ ਨਵੀਂ ਦੁਨੀਆਂ ਸਥਾਪਨ ਕਰਨ ਆਏ ਹਨ। 2 - ਸਾਡੀ ਸਭ ਦੀ ਸਦਗਤੀ ਕਰਨ ਵਾਲਾ ਬਾਪ ਸਾਨੂੰ ਭਗਤੀ ਦਾ ਫਲ ਦੇਣ ਆਏ ਹਨ। ਇਹ ਨਿਸ਼ਚੇ ਹੋਵੇ ਤਾਂ ਪ੍ਰਤੱਖਤਾ ਹੋ ਜਾਵੇ। ਚਾਰੋਂ ਪਾਸੇ ਹਲਚਲ ਮੱਚ ਜਾਵੇ।

ਗੀਤ:- ਜੋ ਪਿਆ ਕੇ ਸਾਥ ਹੈ...

ਓਮ ਸ਼ਾਂਤੀ। ਬੱਚਿਆਂ ਨੇ ਗੀਤ ਦੀਆਂ ਦੋ ਲਾਈਨਾਂ ਸੁਣੀਆਂ। ਜੋ ਪੀਆ ਦੇ ਨਾਲ ਹੈ, ਹੁਣ ਪੀਆ ਕੌਣ ਹੈ! ਇਹ ਦੁਨੀਆਂ ਨਹੀਂ ਜਾਣਦੀ। ਭਾਵੇਂ ਢੇਰ ਬੱਚੇ ਹਨ, ਉਨ੍ਹਾਂ ਵਿੱਚ ਵੀ ਬਹੁਤ ਹਨ ਜੋ ਨਹੀਂ ਜਾਣਦੇ ਹਨ ਕਿ ਕਿਸ ਤਰ੍ਹਾਂ ਨਾਲ ਬਾਪ ਨੂੰ ਯਾਦ ਕਰਨਾ ਚਾਹੀਦਾ ਹੈ। ਉਹ ਯਾਦ ਕਰਨਾ ਨਹੀਂ ਆਉਂਦਾ। ਬਾਰ - ਬਾਰ ਭੁੱਲ ਜਾਂਦੇ ਹਨ। ਬਾਪ ਸਮਝਾਉਂਦੇ ਹਨ ਬੱਚੇ ਆਪਣੇ ਨੂੰ ਆਤਮਾ ਸਮਝੋ, ਅਸੀਂ ਬਿੰਦੀ ਹਾਂ। ਬਾਪ ਗਿਆਨ ਦਾ ਸਾਗਰ ਹੈ, ਉਨ੍ਹਾਂ ਨੂੰ ਹੀ ਯਾਦ ਕਰਨਾ ਹੈ। ਯਾਦ ਕਰਨ ਦੀ ਅਜਿਹੀ ਪ੍ਰੈਕਟਿਸ ਹੋ ਜਾਵੇ ਜੋ ਨਿਰੰਤਰ ਯਾਦ ਠਹਿਰ ਜਾਵੇ। ਪਿਛਾੜੀ ਵਿੱਚ ਇਹ ਹੀ ਯਾਦ ਰਹੇ ਕਿ ਮੈਂ ਆਤਮਾ ਹਾਂ, ਸ਼ਰੀਰ ਤੇ ਹੈ ਪਰ ਇਹ ਗਿਆਨ ਬੁੱਧੀ ਵਿੱਚ ਰੱਖਣਾ ਹੈ ਕਿ ਅਸੀਂ ਆਤਮਾ ਹਾਂ। ਬਾਪ ਦਾ ਡਾਇਰੈਕਸ਼ਨ ਮਿਲਿਆ ਹੋਇਆ ਹੈ ਮੈਂ ਜੋ ਹਾਂ, ਉਸ ਰੂਪ ਵਿੱਚ ਕੋਈ ਵਿਰਲਾ ਯਾਦ ਕਰਦੇ ਹਨ। ਦੇਹ - ਅਭਿਮਾਨ ਵਿੱਚ ਬੱਚੇ ਬਹੁਤ ਆ ਜਾਂਦੇ ਹਨ। ਬਾਪ ਨੇ ਸਮਝਾਇਆ ਹੈ, ਕਿਸੇ ਨੂੰ ਵੀ ਜਦੋ ਤੱਕ ਬਾਪ ਦਾ ਪਰਿਚੈ ਨਹੀਂ ਦਿੱਤਾ ਹੈ ਉਦੋਂ ਤੱਕ ਕੁਝ ਵੀ ਸਮਝ ਨਹੀਂ ਸਕਣਗੇ। ਪਹਿਲਾਂ ਤਾਂ ਉਨ੍ਹਾਂ ਨੂੰ ਇਹ ਪਤਾ ਪਵੇ ਕਿ ਉਹ ਨਿਰਾਕਾਰ ਸਾਡਾ ਬਾਪ ਹੈ, ਗੀਤਾ ਦਾ ਭਗਵਾਨ ਹੈ, ਉਹ ਹੀ ਸਭ ਦਾ ਸਦਗਤੀ ਦਾਤਾ ਹੈ। ਉਹ ਇਸ ਵਕਤ ਸਦਗਤੀ ਕਰਨ ਦਾ ਪਾਰਟ ਵਜਾ ਰਹੇ ਹਨ। ਇਸ ਪੁਆਇੰਟ ਵਿੱਚ ਨਿਸ਼ਚੇ ਬੁੱਧੀ ਹੋ ਜਾਣ ਤਾਂ ਫਿਰ ਜੋ ਵੀ ਇਤਨੇ ਸਾਧੂ ਸੰਤ ਆਦਿ ਹਨ ਸਭ ਇੱਕ ਸੈਕਿੰਡ ਵਿੱਚ ਆ ਜਾਣ। ਭਾਰਤ ਵਿੱਚ ਬਹੁਤ ਹੰਗਾਮਾ ਮੱਚ ਜਾਵੇ। ਹੁਣੇ ਪਤਾ ਪੈ ਜਾਵੇ ਕਿ ਇਹ ਦੁਨੀਆਂ ਵਿਨਾਸ਼ ਹੋਣ ਵਾਲੀ ਹੈ। ਇਸ ਗੱਲ ਦਾ ਨਿਸ਼ਚੇ ਹੋ ਜਾਵੇ ਤਾਂ ਬੋਮਬੇ ਤੋਂ ਲੈਕੇ ਆਬੂ ਤੱਕ ਕਿਉ ਲੱਗ ਜਾਵੇ। ਪਰ ਇਤਨੀ ਜਲਦੀ ਕਿਸੇ ਨੂੰ ਨਿਸ਼ਚੇ ਨਹੀਂ ਹੋ ਸਕਦਾ। ਤੁਸੀਂ ਜਾਣਦੇ ਹੋ ਵਿਨਾਸ਼ ਹੋਣਾ ਹੈ, ਇਹ ਸਭ ਘੋਰ ਨੀਂਦ ਵਿੱਚ ਸੁੱਤੇ ਹੀ ਰਹਿਣੇ ਹਨ। ਫਿਰ ਅੰਤ ਸਮੇਂ ਤੁਹਾਡਾ ਪ੍ਰਭਾਵ ਨਿਕਲੇਗਾ। ਮਾਸੀ ਦਾ ਘਰ ਨਹੀਂ ਹੈ ਜੋ ਇਸ ਗੱਲ ਵਿੱਚ ਨਿਸ਼ਚੇ ਹੋ ਜਾਵੇ ਕਿ ਗੀਤਾ ਦਾ ਭਗਵਾਨ ਪਰਮਪਿਤਾ ਪਰਮਾਤਮਾ ਸ਼ਿਵ ਹੈ। ਇਹ ਪ੍ਰਸਿੱਧ ਹੋ ਜਾਵੇ ਤਾਂ ਸਾਰੇ ਭਾਰਤ ਵਿੱਚ ਆਵਾਜ਼ ਹੋ ਜਾਵੇ। ਹੁਣ ਤਾਂ ਤੁਸੀਂ ਇੱਕ ਨੂੰ ਸਮਝਾਵੋਗੇ ਤਾਂ ਦੂਜਾ ਕਹੇਗਾ ਤੁਹਾਨੂੰ ਜਾਦੂ ਲੱਗ ਗਿਆ ਹੈ। ਇਹ ਝਾੜ ਬਹੁਤ ਹੋਲੀ - ਹੋਲੀ ਵੱਧਣਾ ਹੈ। ਹਾਲੇ ਸਮਾਂ ਹੈ ਫਿਰ ਵੀ ਪੁਰਸ਼ਾਰਥ ਕਰਨ ਵਿੱਚ ਹਰਜਾ ਨਹੀਂ ਹੈ। ਤੁਸੀਂ ਵੱਡੇ - ਵੱਡੇ ਲੋਕਾਂ ਨੂੰ ਸਮਝਾਉਂਦੇ ਹੋ, ਪਰੰਤੂ ਉਹ ਕੁਝ ਵੀ ਸਮਝਦੇ ਥੋੜ੍ਹੀ ਹੀ ਹਨ। ਬੱਚਿਆਂ ਵਿੱਚ ਵੀ ਕਈ ਇਸ ਨਾਲੇਜ ਨੂੰ ਸਮਝਦੇ ਨਹੀਂ ਹਨ। ਬਾਪ ਦੀ ਯਾਦ ਨਹੀਂ ਤਾਂ ਉਹ ਅਵਸਥਾ ਨਹੀਂ। ਬਾਪ ਜਾਣਦੇ ਹਨ ਨਿਸ਼ਚੇ ਕਿਸ ਨੂੰ ਕਿਹਾ ਜਾਂਦਾ ਹੈ। ਹਾਲੇ ਤਾਂ ਕੋਈ 1- 2 ਪਰਸੈਂਟ ਮੁਸ਼ਕਿਲ ਨਾਲ ਬਾਪ ਨੂੰ ਯਾਦ ਕਰਦੇ ਹਨ। ਭਾਵੇਂ ਇੱਥੇ ਬੈਠੇ ਹਨ, ਬਾਪ ਦੇ ਨਾਲ ਉਹ ਲਵ ਨਹੀਂ ਰਹਿੰਦਾ। ਇਸ ਵਿੱਚ ਲਵ ਚਾਹੀਦਾ ਹੈ, ਤਕਦੀਰ ਚਾਹੀਦੀ ਹੈ। ਬਾਪ ਨਾਲ ਹੋਵੇ ਤਾਂ ਸਮਝਣ, ਅਸੀਂ ਕਦਮ - ਕਦਮ ਸ਼੍ਰੀਮਤ ਤੇ ਚੱਲਣਾ ਹੈ। ਅਸੀਂ ਵਿਸ਼ਵ ਦੇ ਮਾਲਿਕ ਬਣਦੇ ਹਾਂ। ਅੱਧਾਕਲਪ ਦਾ ਦੇਹ - ਅਭਿਮਾਨ ਬੈਠਿਆ ਹੋਇਆ ਹੈ ਸੋ ਹੁਣ ਦੇਹੀ - ਅਭਿਮਾਨੀ ਬਣਨ ਵਿੱਚ ਬਹੁਤ ਮਿਹਨਤ ਲੱਗਦੀ ਹੈ। ਆਪਣੇ ਨੂੰ ਆਤਮਾ ਸਮਝ ਮੋਸ੍ਟ ਬਿਲਵਡ ਬਾਪ ਨੂੰ ਯਾਦ ਕਰਨਾ ਮਾਸੀ ਦਾ ਘਰ ਨਹੀਂ ਹੈ। ਉਨ੍ਹਾਂ ਦੇ ਚਿਹਰੇ ਤੇ ਵੀ ਰੌਣਕ ਆ ਜਾਵੇ। ਕੰਨਿਆ ਸ਼ਾਦੀ ਕਰਦੀ ਹੈ, ਜੇਵਰ ਆਦਿ ਪਾਉਂਦੀ ਹੈ ਤਾਂ ਚਿਹਰੇ ਵਿੱਚ ਇੱਕਦਮ ਖੁਸ਼ੀ ਆ ਜਾਂਦੀ ਹੈ। ਪਰੰਤੂ ਇੱਥੇ ਤਾਂ ਸਾਜਨ ਨੂੰ ਯਾਦ ਹੀ ਨਹੀਂ ਕਰਦੇ ਤਾਂ ਸ਼ਕਲ ਮੁਰਝਾਈ ਹੋਈ ਰਹਿੰਦੀ ਹੈ। ਗੱਲ ਨਾ ਪੁੱਛੋ। ਕੰਨਿਆ ਸ਼ਾਦੀ ਕਰਦੀ ਜੇ ਤਾਂ ਚਿਹਰਾ ਖੁਸ਼ਨੁਮਾ ਹੋ ਜਾਂਦਾ ਹੈ। ਕਿਸੇ ਦੀ ਤੇ ਸ਼ਾਦੀ ਦੇ ਬਾਦ ਵੀ ਸ਼ਕਲ ਮੁਰਦੇ ਵਰਗੀ ਰਹਿੰਦੀ ਹੈ। ਕਿਸਮ - ਕਿਸਮ ਦੇ ਹੁੰਦੇ ਹਨ। ਕੋਈ ਤੇ ਦੂਜੇ ਘਰ ਵਿੱਚ ਜਾਕੇ ਮੂੰਝ ਪੈਂਦੀਆਂ ਹਨ। ਤਾਂ ਇੱਥੇ ਵੀ ਇਵੇਂ ਹੈ। ਬਾਪ ਨੂੰ ਯਾਦ ਕਰਨ ਦੀ ਮਿਹਨਤ ਹੈ। ਇਹ ਗਾਇਨ ਅੰਤ ਦਾ ਹੈ ਕਿ ਅਤਿੰਇੰਦਰਿਏ ਸੁਖ ਗੋਪੀ ਵਲੱਭ ਦੇ ਗੋਪ - ਗੋਪੀਆਂ ਤੋਂ ਪੁੱਛੋ। ਆਪਣੇ ਨੂੰ ਗੋਪ - ਗੋਪੀ ਸਮਝਣਾ ਅਤੇ ਨਿਰੰਤਰ ਬਾਪ ਨੂੰ ਯਾਦ ਕਰਨਾ, ਉਹ ਅਵਸਥਾ ਹੋਣੀ ਹੈ। ਬਾਪ ਦਾ ਪਰਿਚੈ ਸਭ ਨੂੰ ਦੇਣਾ ਹੈ। ਬਾਪ ਆਇਆ ਹੋਇਆ ਹੈ ਉਹ ਵਰਸਾ ਦੇ ਰਹੇ ਹਨ। ਇਸ ਵਿੱਚ ਸਾਰੀ ਨਾਲੇਜ ਆ ਜਾਂਦੀ ਹੈ। ਲਕਸ਼ਮੀ - ਨਾਰਾਇਣ ਨੇ ਜਦੋਂ 84 ਜਨਮ ਪੂਰੇ ਕੀਤੇ ਤਾਂ ਬਾਪ ਨੇ ਅੰਤ ਵਿੱਚ ਆਕੇ ਉਨ੍ਹਾਂ ਨੂੰ ਰਾਜਯੋਗ ਸਿਖਾ ਕੇ ਰਾਜਾਈ ਦਿੱਤੀ। ਲਕਸ਼ਮੀ - ਨਾਰਾਇਣ ਦਾ ਇਹ ਚਿੱਤਰ ਹੈ ਨੰਬਰਵਨ। ਤੁਸੀਂ ਜਾਣਦੇ ਹੋ ਉਨ੍ਹਾਂ ਨੇ ਪਹਿਲੇ ਜਨਮ ਵਿੱਚ ਅਜਿਹੇ ਕਰਮ ਕੀਤੇ ਹਨ, ਉਹ ਕਰਮ ਹੁਣ ਬਾਪ ਸਿਖਾ ਰਹੇ ਹਨ। ਕਹਿੰਦੇ ਹਨ ਮਨਮਨਾਭਵ, ਪਵਿੱਤਰ ਰਹੋ। ਕੋਈ ਵੀ ਪਾਪ ਨਾ ਕਰੋ ਕਿਉਂਕਿ ਤੁਸੀਂ ਹੁਣ ਸਵਰਗ ਦੇ ਮਾਲਿਕ, ਪੁੰਨ ਆਤਮਾ ਬਣਦੇ ਹੋ। ਅੱਧਾਕਲਪ ਮਾਇਆ ਰਾਵਣ ਪਾਪ ਕਰਾਉਂਦੀ ਆਈ ਹੈ। ਹੁਣ ਆਪਣੇ ਤੋਂ ਪੁੱਛਣਾ ਹੈ - ਸਾਡੇ ਤੋਂ ਕੋਈ ਪਾਪ ਤੇ ਨਹੀਂ ਹੁੰਦਾ ਹੈ? ਪੁੰਨ ਦਾ ਕੰਮ ਕਰਦੇ ਰਹਿੰਦੇ ਹਾਂ? ਅੰਨ੍ਹਿਆਂ ਦੀ ਲਾਠੀ ਬਣੇ ਹਾਂ? ਬਾਪ ਕਹਿੰਦੇ ਹਨ

ਮਨਮਨਾਭਵ। ਇਹ ਵੀ ਪੁੱਛਣਾ ਹੁੰਦਾ ਹੈ ਕਿ ਮਨਮਨਾਭਵ ਕਿਸ ਨੇ ਕਿਹਾ? ਉਹ ਕਹਿਣਗੇ ਕ੍ਰਿਸ਼ਨ ਨੇ ਕਿਹਾ। ਤੁਸੀਂ ਮੰਨਦੇ ਹੋ ਪਰਮਪਿਤਾ ਪ੍ਰਮਾਤਮਾ ਸ਼ਿਵ ਨੇ ਕਿਹਾ। ਰਾਤ - ਦਿਨ ਦਾ ਫਰਕ ਹੈ। ਸ਼ਿਵ ਜਯੰਤੀ ਦੇ ਨਾਲ ਹੈ ਗੀਤਾ ਜਯੰਤੀ। ਗੀਤਾ ਜਯੰਤੀ ਦੇ ਨਾਲ ਕ੍ਰਿਸ਼ਨ ਜਯੰਤੀ।

ਤੁਸੀਂ ਜਾਣਦੇ ਹੋ ਅਸੀਂ ਭਵਿੱਖ ਵਿੱਚ ਪ੍ਰਿੰਸ ਬਣਾਂਗੇ। ਬੇਗਰ ਟੂ ਪ੍ਰਿੰਸ ਬਣਨਾ ਹੈ। ਇਹ ਐਮ ਅਬਜੈਕਟ ਹੀ ਰਾਜਯੋਗ ਦੀ ਹੈ। ਤੁਸੀਂ ਸਿੱਧ ਕਰਕੇ ਦੱਸੋ ਕਿ ਗੀਤਾ ਦਾ ਭਗਵਾਨ ਸ਼੍ਰੀਕ੍ਰਿਸ਼ਨ ਨਹੀਂ ਸੀ, ਉਹ ਤੇ ਨਿਰਾਕਾਰ ਸੀ। ਤਾਂ ਸਰਵਵਿਆਪੀ ਦਾ ਗਿਆਨ ਉੱਡ ਜਾਵੇ। ਸ੍ਰਵ ਦਾ ਸਦਗਤੀ ਦਾਤਾ, ਪਤਿਤ - ਪਾਵਨ ਬਾਪ ਹੈ। ਕਹਿੰਦੇ ਵੀ ਹਨ ਕਿ ਉਹ ਲਿਬਰੇਟਰ ਹੈ, ਫਿਰ ਸ੍ਰਵ ਵਿਆਪੀ ਕਹਿ ਦਿੰਦੇ ਹਨ। ਜੋ ਕੁਝ ਬੋਲਦੇ ਹਨ, ਸਮਝਦੇ ਨਹੀਂ ਹਨ। ਧਰਮ ਦੇ ਬਾਰੇ ਵਿੱਚ ਜੋ ਆਉਂਦਾ ਹੈ, ਬੋਲ ਦਿੰਦੇ ਹਨ। ਮੁੱਖ ਧਰਮ ਹਨ ਤਿੰਨ। ਦੇਵੀ - ਦੇਵਤਾ ਧਰਮ ਤਾਂ ਅੱਧਾਕਲਪ ਚਲਦਾ ਹੈ। ਤੁਸੀਂ ਜਾਣਦੇ ਹੋ ਬਾਪ ਬ੍ਰਾਹਮਣ, ਦੇਵਤਾ, ਸ਼ਤਰੀ ਧਰਮ ਦੀ ਸਥਾਪਨਾ ਕਰਦੇ ਹਨ। ਇਹ ਦੁਨੀਆਂ ਨਹੀਂ ਜਾਣਦੀ। ਉਹ ਤਾਂ ਸਤਿਯੁਗ ਨੂੰ ਲੱਖਾਂ ਵਰ੍ਹੇ ਕਹਿ ਦਿੰਦੇ ਹਨ। ਆਦਿ ਸਨਾਤਨ ਦੇਵੀ - ਦੇਵਤਾ ਧਰਮ ਹੈ ਸਭ ਤੋਂ ਉੱਚਾ, ਪਰੰਤੂ ਇਹ ਆਪਣੇ ਧਰਮ ਨੂੰ ਭੁੱਲ ਇਰਰਿਲੀਜੀਅਸ ਬਣ ਪਏ ਹਨ। ਕ੍ਰਿਸ਼ਚਨ ਲੋਕੀ ਆਪਣੇ ਧਰਮ ਨੂੰ ਨਹੀਂ ਛੱਡਦੇ। ਉਹ ਜਾਣਦੇ ਹਨ - ਕ੍ਰਾਇਸਟ ਨੇ ਸਾਡਾ ਧਰਮ ਸਥਾਪਨ ਕੀਤਾ ਸੀ। ਇਸਲਾਮੀ, ਬੋਧੀ, ਫਿਰ ਕ੍ਰਿਸ਼ਚਨ, ਇਹ ਹਨ ਮੁੱਖ ਧਰਮ। ਬਾਕੀ ਤਾਂ ਛੋਟੇ - ਛੋਟੇ ਬਹੁਤ ਹਨ। ਕਿਥੋਂ ਵ੍ਰਿਧੀ ਹੋਈ? ਇਹ ਕੋਈ ਨਹੀਂ ਜਾਣਦੇ। ਮੁਹੰਮਦ ਨੂੰ ਹਾਲੇ ਥੋੜ੍ਹਾ ਸਮਾਂ ਹੋਇਆ ਹੈ, ਇਸਲਾਮੀ ਪੁਰਾਣੇ ਹਨ। ਕ੍ਰਿਸ਼ਚਨ ਵੀ ਮਸ਼ਹੂਰ ਹਨ। ਬਾਕੀ ਤਾਂ ਕਿੰਨੇ ਢੇਰ ਹਨ। ਸਭ ਦਾ ਆਪਣਾ - ਆਪਣਾ ਧਰਮ ਹੈ। ਆਪਣਾ ਵੱਖ - ਵੱਖ ਧਰਮ, ਵੱਖ - ਵੱਖ਼ ਨਾਮ ਹਨ ਤਾਂ ਮੂੰਝ ਗਏ ਹਨ। ਇਹ ਨਹੀਂ ਜਾਣਦੇ ਕਿ ਮੁੱਖ ਧਰਮ ਸ਼ਾਸਤਰ ਹੀ 4 ਹਨ। ਇਸ ਵਿੱਚ ਡਿਟੀਜਮ, ਬ੍ਰਾਹਮਨੀਜਮ ਵੀ ਆ ਜਾਂਦੇ ਹਨ। ਬ੍ਰਾਹਮਣ ਸੋ ਦੇਵਤਾ, ਦੇਵਤਾ ਸੋ ਸ਼ਤਰੀ, ਇਹ ਕਿਸੇ ਨੂੰ ਪਤਾ ਨਹੀਂ। ਗਾਉਂਦੇ ਹਨ ਬ੍ਰਾਹਮਣ ਦੇਵਤਾਏ ਨਮਾ। ਪਰਮਪਿਤਾ ਨੇ ਬ੍ਰਾਹਮਣ, ਦੇਵਤਾ, ਸ਼ਤਰੀ ਧਰਮ ਦੀ ਸਥਾਪਨਾ ਕੀਤੀ, ਅੱਖਰ ਹਨ ਪਰ ਪੜ੍ਹਦੇ ਇਵੇਂ ਹਨ ਜਿਵੇਂ ਤੋਤੇ।

ਇਹ ਹੈ ਕੰਡਿਆਂ ਦਾ ਜੰਗਲ। ਭਾਰਤ ਗਾਰਡਨ ਆਫ਼ ਫਲਾਵਰ ਸੀ, ਇਹ ਵੀ ਮੰਨਦੇ ਹਨ। ਪਰ ਉਹ ਕਦੋਂ, ਕਿਵੇਂ ਕਿਸਨੇ ਬਣਾਇਆ, ਪਰਮਾਤਮਾ ਕੀ ਚੀਜ ਹੈ, ਇਹ ਕੋਈ ਨਹੀਂ ਜਾਣਦੇ। ਤਾਂ ਆਰਫ਼ਨ ਹੋ ਗਏ ਨਾ ਇਸਲਈ ਇਹ ਲੜ੍ਹਾਈ - ਝਗੜੇ ਆਦਿ ਹਨ। ਸਿਰ੍ਫ ਭਗਤੀ ਵਿੱਚ ਖੁਸ਼ ਹੁੰਦੇ ਰਹਿੰਦੇ ਹਨ। ਹੁਣ ਬਾਪ ਆਏ ਹਨ ਸੋਝਰਾ ਕਰਨ, ਸੈਕਿੰਡ ਵਿੱਚ ਜੀਵਨਮੁਕਤੀ ਬਣਾ ਦਿੰਦੇ ਹਨ। ਗਿਆਨ ਅੰਜਨ ਸਤਿਗੁਰੂ ਦਿੱਤਾ, ਅਗਿਆਨ ਅੰਧੇਰ ਵਿਨਾਸ਼। ਹੁਣ ਤੁਸੀਂ ਜਾਣਦੇ ਹੋ ਅਸੀਂ ਸੋਝਰੇ ਵਿੱਚ ਹਾਂ। ਬਾਪ ਨੇ ਤੀਜਾ ਨੇਤ੍ਰ ਦਿੱਤਾ ਹੈ। ਭਾਵੇਂ ਦੇਵਤਿਆਂ ਨੂੰ ਤੀਜਾ ਨੇਤ੍ਰ ਵਿਖਾਉਂਦੇ ਹਨ ਪ੍ਰੰਤੂ ਅਰਥ ਨਹੀਂ ਜਾਣਦੇ। ਅਸਲ ਵਿੱਚ ਤੀਜਾ ਨੇਤ੍ਰ ਤੁਹਾਨੂੰ ਹੈ। ਉਨ੍ਹਾਂ ਨੇ ਫਿਰ ਦੇ ਦਿੱਤਾ ਹੈ ਦੇਵਤਾਵਾਂ ਨੂੰ। ਗੀਤਾ ਵਿੱਚ ਬ੍ਰਾਹਮਣਾਂ ਦੀ ਕੋਈ ਗੱਲ ਨਹੀਂ। ਉਸ ਵਿੱਚ ਤਾਂ ਫਿਰ ਕੌਰਵ, ਪਾਂਡਵ ਆਦਿ ਦੀ ਲੜਾਈ, ਘੋੜ੍ਹੇ - ਗੱਡੀ ਆਦਿ ਲਿਖ ਦਿੱਤਾ ਹੈ, ਕੁਝ ਵੀ ਸਮਝਦੇ ਨਹੀਂ। ਤੁਸੀਂ ਸਮਝਾਓਗੇ ਤਾਂ ਕਹਿਣਗੇ ਤੁਸੀਂ ਸ਼ਾਸਤਰਾਂ ਆਦਿ ਨੂੰ ਨਹੀਂ ਮੰਨਦੇ। ਤੁਸੀਂ ਕਹਿ ਸਕਦੇ ਹੋ ਅਸੀਂ ਸ਼ਾਸਤਰਾਂ ਨੂੰ ਮੰਨਦੇ ਕਿਉਂ ਨਹੀਂ ਹਾਂ, ਜਾਣਦੇ ਹਾਂ - ਇਹ ਸਭ ਭਗਤੀਮਾਰਗ ਦੀ ਸਮਗ੍ਰੀ ਹੈ। ਗਾਇਆ ਹੋਇਆ ਹੈ ਗਿਆਨ ਅਤੇ ਭਗਤੀ। ਜਦੋਂ ਰਾਵਣ ਰਾਜ ਹੁੰਦਾ ਹੈ ਤਾਂ ਭਗਤੀ ਸ਼ੁਰੂ ਹੁੰਦੀ ਹੈ। ਭਾਰਤਵਾਸੀ ਵਾਮ ਮਾਰਗ ਵਿੱਚ ਜਾਕੇ ਧਰਮ ਭ੍ਰਿਸ਼ਟ ਅਤੇ ਕਰਮ ਭ੍ਰਿਸ਼ਟ ਬਣ ਜਾਂਦੇ ਹਨ ਇਸਲਈ ਹੁਣ ਹਿੰਦੂ ਕਹਿਲਾ ਦਿੱਤਾ ਹੈ। ਪਤਿਤ ਬਣ ਗਏ ਹਨ। ਪਤਿਤ ਕਿਸ ਨੇ ਬਣਾਇਆ? ਰਾਵਣ ਨੇ। ਰਾਵਣ ਨੂੰ ਸਾੜ੍ਹਦੇ ਵੀ ਹਨ, ਸਮਝਦੇ ਹਨ ਇਹ ਪ੍ਰੰਪਰਾ ਤੋਂ ਚੱਲਿਆ ਆਉਂਦਾ ਹੈ। ਪਰੰਤੂ ਸਤਿਯੁਗ ਵਿੱਚ ਤਾਂ ਰਾਵਣ ਰਾਜ ਹੀ ਨਹੀਂ ਸੀ। ਕੁਝ ਵੀ ਸਮਝਦੇ ਨਹੀਂ। ਮਾਇਆ ਬਿਲਕੁਲ ਹੀ ਪੱਥਰਬੁੱਧੀ ਬਣਾ ਦਿੰਦੀ ਹੈ। ਪੱਥਰ ਤੋਂ ਪਾਰਸ ਬਾਪ ਹੀ ਬਨਾਉਂਦੇ ਹਨ। ਜਦੋਂ ਆਇਰਨ ਏਜ਼ ਵਿੱਚ ਆਉਣ ਤਾਂ ਆਕੇ ਗੋਲਡਨ ਏਜ਼ ਸਥਾਪਨ ਕਰਨ। ਬਾਪ ਸਮਝਾਉਂਦੇ ਹਨ ਫਿਰ ਵੀ ਬਹੁਤ ਮੁਸ਼ਕਿਲ ਕਿਸੇ ਦੀ ਬੁੱਧੀ ਵਿੱਚ ਬੈਠਦਾ ਹੈ।

ਤੁਹਾਡੀ ਕੁਮਾਰੀਆਂ ਦੀ ਹੁਣ ਸਗਾਈ ਹੁੰਦੀ ਹੈ। ਤੁਹਾਨੂੰ ਪਟਰਾਣੀ ਬਨਾਉਂਦੇ ਹਨ। ਤੁਹਾਨੂੰ ਭਜਾਇਆ ਮਤਲਬ ਤੁਸੀਂ ਆਤਮਾਵਾਂ ਨੂੰ ਕਹਿੰਦੇ ਹਨ - ਤੁਸੀਂ ਮੇਰੇ ਸੀ ਫਿਰ ਤੁਸੀਂ ਮੈਨੂੰ ਮਿਲ ਗਏ ਹੋ। ਦੇਹ - ਅਭਿਮਾਨੀ ਬਣ ਮਾਇਆ ਦੇ ਬਣ ਗਏ ਹੋ। ਬਾਕੀ ਭਜਾਉਣ ਆਦਿ ਦੀ ਤੇ ਕੋਈ ਗੱਲ ਨਹੀਂ ਹੈ। ਮਾਮੇਕਮ ਯਾਦ ਕਰੋ। ਯਾਦ ਦੀ ਹੀ ਮਿਹਨਤ ਹੈ। ਬਹੁਤ ਦੇਹ - ਅਭਿਮਾਨ ਵਿੱਚ ਆਕੇ ਵਿਕਰਮ ਕਰਦੇ ਹਨ। ਬਾਪ ਜਾਣਦੇ ਹਨ ਇਹ ਆਤਮਾ ਮੈਨੂੰ ਯਾਦ ਹੀ ਨਹੀਂ ਕਰਦੀ ਹੈ। ਦੇਹ - ਅਭਿਮਾਨ ਵਿੱਚ ਆਕੇ ਬਹੁਤ ਪਾਪ ਕਰਦੇ ਹਨ ਤਾਂ ਪਾਪਾਂ ਦਾ ਘੜਾ ਸੌਗੁਣਾ ਭਰ ਜਾਂਦਾ ਹੈ। ਹੋਰਾਂ ਨੂੰ ਰਸਤਾ ਦੱਸਣ ਦੇ ਬਦਲੇ ਖੁਦ ਹੀ ਭੁੱਲ ਜਾਂਦੇ ਹਨ। ਹੋਰ ਵੀ ਜ਼ਿਆਦਾ ਦੁਰਗਤੀ ਨੂੰ ਪਾ ਲੈਂਦੇ ਹਨ। ਬਹੁਤ ਉੱਚੀ ਮੰਜਿਲ ਹੈ। ਚੜ੍ਹੇ ਤਾਂ ਚੱਖੇ ਬੈਕੁੰਠ ਰਸ ਡਿੱਗੇ ਤਾਂ ਚਕਨਾਚੂਰ। ਇਹ ਰਾਜਾਈ ਸਥਾਪਨ ਹੋ ਰਹੀ ਹੈ। ਇਸ ਵਿੱਚ ਫਰਕ ਵੇਖੋ ਕਿੰਨਾ ਪੈ ਜਾਂਦਾ ਹੈ। ਕੋਈ ਤਾਂ ਪੜ੍ਹਕੇ ਅਸਮਾਨ ਵਿਚ ਚੜ੍ਹ ਜਾਂਦੇ ਹਨ, ਕੋਈ ਪਟ ਵਿੱਚ ਪੈ ਜਾਂਦੇ ਹਨ। ਬੁੱਧੀ ਡਲ ਹੁੰਦੀ ਹੈ ਤਾਂ ਪੜ੍ਹ ਨਹੀਂ ਸਕਦੇ ਹਨ। ਕੋਈ - ਕੋਈ ਕਹਿੰਦੇ ਹਨ ਬਾਬਾ ਅਸੀਂ ਕਿਸੇ ਨੂੰ ਸਮਝਾ ਨਹੀਂ ਸਕਦੇ ਹਾਂ। ਕਹਿੰਦਾ ਹਾਂ ਅੱਛਾ ਸਿਰ੍ਫ ਆਪਣੇ ਨੂੰ ਆਤਮਾ ਸਮਝੋ, ਮੈਨੂੰ ਬਾਪ ਨੂੰ ਯਾਦ ਕਰੋ ਤਾਂ ਮੈਂ ਤੁਹਾਨੂੰ ਸੁਖ ਦੇਵਾਂਗਾ। ਪਰੰਤੂ ਯਾਦ ਹੀ ਨਹੀਂ ਕਰਦੇ ਹਨ। ਯਾਦ ਕਰਨ ਤਾਂ ਹੋਰਾਂ ਨੂੰ ਯਾਦ ਦਵਾਉਂਦੇ ਰਹਿਣ। ਬਾਪ ਨੂੰ ਯਾਦ ਕਰੋ ਤਾਂ ਪਾਪ ਨਸ਼ਟ ਹੋ ਜਾਣਗੇ। ਉਨ੍ਹਾਂ ਦੀ ਯਾਦ ਬਿਨਾਂ ਤੁਸੀਂ ਸੁਖਧਾਮ ਵਿੱਚ ਜਾ ਨਹੀਂ ਸਕਦੇ ਹੋ। 21 ਜਨਮ ਦਾ ਵਰਸਾ ਨਿਰਾਕਾਰ ਬਾਪ ਤੋਂ ਮਿਲ ਸਕਦਾ ਹੈ। ਬਾਕੀ ਤਾਂ ਸਭ

ਅਲਪਕਾਲ ਦਾ ਸੁੱਖ ਦੇਣ ਵਾਲੇ ਹਨ। ਕਿਸੇ ਨੂੰ ਰਿੱਧੀ - ਸਿੱਧੀ ਨਾਲ ਬੱਚਾ ਮਿਲ ਗਿਆ ਜਾਂ ਅਸ਼ੀਰਵਾਦ ਨਾਲ ਲਾਟਰੀ ਮਿਲ ਗਈ ਤਾਂ ਬਸ ਵਿਸ਼ਵਾਸ ਬੈਠ ਜਾਂਦਾ ਹੈ। ਕਿਸੇ ਨੂੰ 2 - 4 ਕਰੋੜ ਦਾ ਫਾਇਦਾ ਹੋ ਜਾਵੇਗਾ ਤਾਂ ਬਸ ਬਹੁਤ ਮਹਿਮਾ ਕਰਨਗੇ। ਪਰੰਤੂ ਉਹ ਤਾਂ ਹੈ ਅਲਪਕਾਲ ਦੇ ਲਈ। 21 ਜਨਮਾਂ ਦੇ ਲਈ ਹੈਲਥ - ਵੇਲਥ ਤਾਂ ਮਿਲ ਨਹੀਂ ਸਕਦੀ ਨਾ। ਪਰ ਮਨੁੱਖ ਨਹੀਂ ਜਾਣਦੇ ਹਨ। ਦੋਸ਼ ਵੀ ਨਹੀਂ ਦੇ ਸਕਦੇ ਹਨ। ਅਲਪਕਾਲ ਦੇ ਸੁੱਖ ਵਿੱਚ ਹੀ ਖੁਸ਼ ਹੋ ਜਾਂਦੇ ਹਨ। ਬਾਪ ਤੁਹਾਨੂੰ ਬੱਚਿਆਂ ਨੂੰ ਰਾਜਯੋਗ ਸਿਖਾਕੇ ਸਵਰਗ ਦੀ ਬਾਦਸ਼ਾਹੀ ਦਿੰਦੇ ਹਨ। ਕਿੰਨਾ ਸਹਿਜ ਹੈ। ਕਈ ਤਾਂ ਬਿਲਕੁਲ ਸਮਝਾ ਨਹੀਂ ਸਕਦੇ। ਕਈ ਸਮਝਦੇ ਵੀ ਹਨ ਪਰ ਯੋਗ ਪੂਰਾ ਨਾ ਹੋਣ ਦੇ ਕਾਰਨ ਕਿਸੇ ਨੂੰ ਤੀਰ ਨਹੀਂ ਲੱਗਦਾ ਹੈ। ਦੇਹ - ਅਭਿਮਾਨ ਵਿੱਚ ਆਉਣ ਨਾਲ ਕੁਝ ਨਾ ਕੁਝ ਪਾਪ ਹੁੰਦਾ ਰਹਿੰਦਾ ਹੈ। ਯੋਗ ਹੀ ਮੁੱਖ ਹੈ। ਤੁਸੀਂ ਯੋਗਬਲ ਨਾਲ ਵਿਸ਼ਵ ਦੇ ਮਾਲਿਕ ਬਣਦੇ ਹੋ। ਪ੍ਰਾਚੀਨ ਯੋਗ ਭਗਵਾਨ ਨੇ ਸਿਖਾਇਆ ਸੀ, ਨਾ ਕਿ ਸ਼੍ਰੀਕ੍ਰਿਸ਼ਨ ਨੇ। ਯਾਦ ਦੀ ਯਾਤ੍ਰਾ ਬਹੁਤ ਚੰਗੀ ਹੈ। ਤੁਸੀਂ ਡਰਾਮਾ ਵੇਖਕੇ ਆਵੋ ਤਾਂ ਬੁੱਧੀ ਵਿੱਚ ਸਾਰਾ ਸਾਹਮਣੇ ਆ ਜਾਵੇਗਾ। ਕਿਸੇ ਨੂੰ ਦੱਸਣ ਨਾਲ ਸਮਾਂ ਲੱਗੇਗਾ। ਇਹ ਵੀ ਇਵੇਂ ਹੈ। ਬੀਜ ਅਤੇ ਝਾੜ। ਇਹ ਚੱਕਰ ਬਹੁਤ ਕਲੀਅਰ ਹੈ। ਸ਼ਾਂਤੀਧਾਮ, ਸੁਖਧਾਮ, ਦੁਖਧਾਮ... ਸੈਕਿੰਡ ਦਾ ਕੰਮ ਹੈ ਨਾ। ਪਰੰਤੂ ਯਾਦ ਵੀ ਰਹੇ ਨਾ। ਮੁੱਖ ਗੱਲ ਹੈ ਬਾਪ ਦਾ ਪਰਿਚੈ। ਬਾਪ ਕਹਿੰਦੇ ਹਨ ਮੈਨੂੰ ਯਾਦ ਕਰਨ ਨਾਲ ਤੁਸੀਂ ਸਭ ਕੁਝ ਜਾਣ ਜਾਵੋਗੇ। ਅੱਛਾ।

ਸ਼ਿਵਬਾਬਾ ਤੁਹਾਨੂੰ ਬੱਚਿਆਂ ਨੂੰ ਯਾਦ ਕਰਦੇ ਹਨ, ਬ੍ਰਹਮਾ ਬਾਬਾ ਯਾਦ ਨਹੀਂ ਕਰਦੇ ਹਨ। ਸ਼ਿਵਬਾਬਾ ਜਾਣਦੇ ਸਾਡੇ ਸਪੂਤ ਬੱਚੇ ਕੌਣ - ਕੌਣ ਹਨ। ਸਰਵਿਸੇਬੁਲ ਸਪੂਤ ਬੱਚਿਆਂ ਨੂੰ ਤਾਂ ਯਾਦ ਕਰਦੇ ਹਨ। ਇਹ ਥੋੜ੍ਹੀ ਨਾ ਕਿਸੇ ਨੂੰ ਯਾਦ ਕਰਨਗੇ। ਇਨ੍ਹਾਂ ਦੀ ਆਤਮਾ ਨੂੰ ਤੇ ਡਾਇਰੈਕਸ਼ਨ ਹੈ ਮਾਮੇਕਮ ਯਾਦ ਕਰੋ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਤਕਦੀਰਵਾਨ ਬਣਨ ਦੇ ਲਈ ਇੱਕ ਬਾਪ ਨਾਲ ਸੱਚਾ - ਸੱਚਾ ਲਵ ਰੱਖਣਾ ਹੈ। ਲਵ ਰੱਖਣਾ ਮਾਨਾ ਕਦਮ - ਕਦਮ ਇੱਕ ਦੀ ਹੀ ਸ਼੍ਰੀਮਤ ਤੇ ਚਲੱਦੇ ਰਹਿਣਾ।

**2.** ਰੋਜ਼ ਪੁੰਨ ਦਾ ਕੰਮ ਜਰੂਰ ਕਰਨਾ ਹੈ। ਸਭ ਤੋਂ ਵੱਡਾ ਪੁੰਨ ਹੈ ਸਭ ਨੂੰ ਬਾਪ ਦਾ ਪਰਿਚੈ ਦੇਣਾ। ਬਾਪ ਨੂੰ ਯਾਦ ਕਰਨਾ ਅਤੇ ਸਭ ਨੂੰ ਬਾਪ ਦੀ ਯਾਦ ਦਵਾਉਣਾ।

ਵਰਦਾਨ:- ਆਪਣੀ ਦ੍ਰਿਸ਼ਟੀ ਅਤੇ ਵ੍ਰਿਤੀ ਦੇ ਪਰਿਵਰਤਨ ਦੁਆਰਾ ਸ੍ਰਿਸ਼ਟੀ ਨੂੰ ਬਦਲਣ ਵਾਲੇ ਸਾਕਸ਼ਾਤਕਾਰਮੂਰਤ ਭਵ।
ਆਪਣੀ ਵ੍ਰਿਤੀ ਦੇ ਪਰਿਵਰਤਨ ਨਾਲ ਦ੍ਰਿਸ਼ਟੀ ਨੂੰ ਦੀਵਿਯ ਬਣਾਓ ਤਾਂ ਦ੍ਰਿਸ਼ਟੀ ਦੁਆਰਾ ਆਤਮਾਵਾਂ ਆਪਣੇ ਅਸਲੀ ਰੂਪ, ਅਸਲੀ ਘਰ ਅਤੇ ਅਸਲੀ ਰਾਜਧਾਨੀ ਵੇਖਣਗੀਆਂ। ਅਜਿਹੇ ਅਸਲੀ ਸਾਕਸ਼ਾਤਕਾਰ ਕਰਵਾਉਣ ਦੇ ਲਈ ਵ੍ਰਿਤੀ ਵਿਚ ਜਰਾ ਵੀ ਦੇਹ - ਅਭਿਮਾਨ ਦੀ ਚੰਚਲਤਾ ਨਾ ਹੋਵੇ। ਤਾਂ ਵ੍ਰਿਤੀ ਦੇ ਸੁਧਾਰ ਨਾਲ ਦ੍ਰਿਸ਼ਟੀ ਦਿਵਿਆ ਬਣਾਓ ਤਾਂ ਇਹ ਸ੍ਰਿਸ਼ਟੀ ਪਰਿਵਤਨ ਹੋਵੇਗੀ। ਵੇਖਣ ਵਾਲੇ ਅਨੁਭਵ ਕਰਨਗੇ ਕਿ ਇਹ ਨੈਣ ਨਹੀਂ ਲੇਕਿਨ ਇਹ ਇੱਕ ਜਾਦੂ ਦੀ ਡੱਬੀ ਹੈ। ਇਹ ਨੈਣ ਸਾਕਸ਼ਾਤਕਾਰ ਦੇ ਸਾਧਨ ਬਣ ਜਾਣਗੇ।

ਸਲੋਗਨ:- ਸੇਵਾ ਦੇ ਉਮੰਗ - ਉਤਸਾਹ ਦੇ ਨਾਲ, ਬੇਹੱਦ ਦੀ ਵੈਰਾਗ ਵ੍ਰਿਤੀ ਹੀ ਸਫਲਤਾ ਦਾ ਆਧਾਰ ਹੈ।

******

ਇਹ ਅਵਿਅਕਤ ਇਸ਼ਾਰੇ :- ਮਹਾਨ ਬਣਨ ਦੇ ਲਈ ਮਧੁਰਤਾ ਅਤੇ ਨਿਮਰਤਾ ਦਾ ਗੁਣ ਧਾਰਨ ਕਰੋ।

ਮਧੁਰਤਾ ਦੇ ਗੁਣ ਨੂੰ ਧਾਰਨ ਕਰਨ ਵਾਲੇ ਇਥੇ ਵੀ ਮਹਾਨ ਬਣਦਾ ਹੈ ਅਤੇ ਉੱਥੇ ਵੀ ਮਰਤਬਾ ਪਾਉਂਦਾ ਹੈ। ਮਧੁਰਤਾ ਵਾਲਿਆਂ ਨੂੰ ਸਾਰੇ ਮਹਾਨ ਰੂਪ ਵਿਚ ਵੇਖਦੇ ਹਨ। ਤਾਂ ਇਹ ਮਧੁਰਤਾ ਦਾ ਵਿਸ਼ੇਸ਼ ਗੁਣ ਹਰ ਬੱਚੇ ਵਿਚ ਹੋਣਾ ਚਾਹੀਦਾ ਹੈ। ਮਧੁਰਤਾ ਦੀ ਮਧੂ ਜਿਨ੍ਹਾਂ ਦੇ ਨਾਲ ਹੈ ਉਨ੍ਹਾਂ ਨੂੰ ਹਰ ਕੰਮ ਵਿਚ ਸਫਲਤਾ ਹੀ ਸਫਲਤਾ ਹੈ। ਉਨ੍ਹਾਂ ਦੇ ਜੀਵਨ ਵਿਚੋਂ ਅਸਫਲਤਾ ਮਿਟ ਜਾਵੇਗੀ।